# ਰਾਧਾ ਨੱਚਦੀ ਕਿ ਮੀਰਾ ਨੱਚਦੀ

ਰਾਧਾ ਨੱਚਦੀ ਕਿ ਮੀਰਾ ਨੱਚਦੀ

ਰਾਧਾ ਨੱਚਦੀ,,,ਕਿ ਮੀਰਾ ਨੱਚਦੀ,
ਨਾਲੇ, ਮੈਂ ਵੀ ਨੱਚਦੀ... ( ਸੁਣ ਮੋਹਨਾ )

ਸ਼ਾਮ ਮੇਰੇ ਦੀ, ਚਾਲ ਨਿਰਾਲੀ ॥
ਚਾਲ ਨਿਰਾਲੀ, ਬੜੀ ਮਤਵਾਲੀ ॥
ਨੀ ਏਹ, ਜਦੋਂ ਤੁਰਦਾ,,,ਬੜਾ ਸੋਹਣਾ ਲੱਗਦਾ...
ਨਾਲੇ, ਮੈਂ ਵੀ ਤੁਰਦੀ, ( ਸੁਣ ਮੋਹਨਾ )
^
ਸ਼ਾਮ ਮੇਰੇ ਦੀ, ਅੱਖ ਮਸਤਾਨੀ ॥
ਏਹਨਾਂ ਅੱਖਾਂ ਦੀ, ਦੁਨੀਆਂ ਦੀਵਾਨੀ ॥
ਨੀ ਏਹ, ਜਦੋਂ ਹੱਸਦਾ,,,ਮਿੰਨ੍ਹਾਂ ਮਿੰਨ੍ਹਾਂ ਹੱਸਦਾ,
ਨੀ ਮੈਂ, ਰੱਜ ਰੱਜ ਤੱਕਦੀ,,, ( ਸੁਣ ਮੋਹਨਾ )
^
ਗਊਆਂ ਚਰਈਆ, ਮੱਖਣ ਚੁਰਈਆ ॥
ਮੁਰਲੀ ਵਜਈਆ, ਰਾਸ ਰਚਈਆ ॥
ਮੁਰਲੀ, ਜਦੋਂ ਵੱਜਦੀ,,,ਨੀ ਮੈਂ, ਛੰਮ ਛੰਮ ਨੱਚਦੀ...
ਨਾਲੇ, ਆਪ ਵੀ ਨੱਚਦਾ, ( ਸੁਣ ਮੋਹਨਾ )

ਸ਼ਾਮ ਮੇਰੇ ਦਾ, ਸੋਹਣਾ ਮੁੱਖੜਾ ,
ਮੁੱਖੜਾ ਵੀ, ਜਿਵੇਂ ਚੰਨ ਦਾ ਟੁੱਕੜਾ,
ਕਿੰਨਾ, ਸੋਹਣਾ ਲੱਗਦਾ,,,ਕਿ ਮਨਮੋਹਣਾ ਲੱਗਦਾ,
ਨੇ ਮੈਂ, ਵੇਖ ਵੇਖ ਠਰ੍ਹਦੀ, ( ਸੁਣ ਮੋਹਨਾ )

ਸਖੀਓਂ ਨੀ ਮੈਂ, ਹੋ ਗਈ ਝੱਲੀ,
ਸ਼ਾਮ ਮਿਲਣ ਨੂੰ, ਤੁਰ ਪਈ ਇਕੱਲੀ ,
ਮੇਰੇ, ਨਾਲ ਤੁਰਦਾ,,,ਹਰ ਕੰਮ ਕਰਦਾ,
ਮੈਨੂੰ, ਗਲ਼ ਨਾਲ ਲਾਵੇ, ( ਸੁਣ ਮੋਹਨਾ )
ਮੈਨੂੰ, ਲਾਡ ਲੜਾਵੇ, ( ਸੁਣ ਮੋਹਨਾ ) |
ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/33206/title/radha-nachdi-ke-meera-nachdi

अपने Android मोबाइल पर BhajanGanga App डाउनलोड करें और भजनों का आनंद ले |